**Department of Food, Civil Supplies and Consumer Affairs Punjab, Chandigarh.**
ਖੁਰਾਕ ਸਿਵਲ ਸਪਲਾਈਜ਼ ਅਤੇ ਖਪਤਕਾਰ ਮਾਮਲੇ ਵਿਭਾਗ, ਪੰਜਾਬ, ਚੰਡੀਗੜ੍ਹ
**Anaaj Bhawan, Sector 39-C, Chandigarh**

**Through email inly**

ਸੇਵਾ ਵਿੱਚ

ਸਮੂਹ ਜਿਲਾ ਕੰਟਰੋਲਰ,
ਖੁਰਾਕ, ਸਿਵਲ ਸਪਲਾਈਜ਼ ਅਤੇ ਖਪਤਕਾਰ ਮਾਮਲੇ,
ਪੰਜਾਬ ਰਾਜ ਵਿੱਚ।

ਮੀਮੋ ਨੰ: ਐਸ.ਏ.(ਬ/ਫ) ਬੀ.ਜੀ. 1/5(921/964)2022/257
ਮਿਤੀ ਚੰਡੀਗੜ੍ਹ: 03.03.2022

ਵਿਸ਼ਾ: ਸਾਲ 2022-23 ਦੌਰਾਨ ਲੇਬਰ/ਕਾਰਟੇਜ਼, ਪੀ.ਈ.ਜੀ. ਗੁਦਾਮ ਅਤੇ ਢੋਆ-ਢੁਆਈ ਦੇ ਬਕਾਇਆ ਰਹਿੰਦੇ ਕਲਸਟਰਜ਼ ਦੀ ਰੀ-ਟੈਂਡਰਿੰਗ ਸਬੰਧੀ।

ਉਕਤ ਵਿਸ਼ੇ ਤੇ ਮੁੱਖ ਦਫਤਰ ਦੇ ਮੀਮੋ ਐਸ.ਏ.(ਬ/ਫ) ਬੀ.ਜੀ. 1/5(921/964)2022/1495 ਤੋਂ 1500, ਮਿਤੀ 31-12-2021 ਅਤੇ ਐਸ.ਏ.(ਬ/ਫ) ਬੀ.ਜੀ. 1/5(921/964)2022/**146-147** ਮਿਤੀ 10-02-2022 ਦੀ ਲਗਾਤਾਰਤਾ ਵਿੱਚ।

2- ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਜਿਲਿਆਂ ਵਿੱਚ ਬਕਾਇਆ ਲੇਬਰ/ਕਾਰਟੇਜ਼, ਪੀ.ਈ.ਜੀ. ਗੁਦਾਮ ਅਤੇ ਢੋਆ-ਢੁਆਈ ਦੇ ਕਲਸਟਰਜ਼ ਦੀ ਰੀ-ਟੈਂਡਰਿੰਗ ਲਈ ਹੇਠ ਅਨੁਸਾਰ ਸਮਾਂ ਸੂਚੀ ਜਾਰੀ ਕੀਤੀ ਜਾਂਦੀ ਹੈ:-

| | |
|---|---|
| ਅਖਬਾਰਾਂ ਵਿੱਚ ਵਿਗਿਆਪਨ ਦੇਣ ਦੀ ਮਿਤੀ | 04-03-2022 (ਇਹ ਇਸ਼ਤਿਹਾਰ ਮੁੱਖ ਦਫਤਰ ਵੱਲੋਂ ਦਿੱਤਾ ਜਾ ਰਿਹਾ ਹੈ। |
| ਜਿਲਾ ਦਫਤਰਾਂ ਵੱਲੋਂ ਟੈਂਡਰ ਦਸਤਾਵੇਜ ਅਤੇ ਕਲਸਟਰਜ਼ ਸਬੰਧੀ www.eproc.punjab.gov.in ਤੇ ਉਪਲਬੱਧਤਾ | 04-03-2022 (ਸਵੇਰੇ 11.00 ਵਜੇ) |
| ਟੈਂਡਰਕਾਰ ਵੱਲੋਂ ਟੈਂਡਰ ਦਸਤਾਵੇਜ ਅਤੇ ਕਲਸਟਰਜ਼ ਨੂੰ www.eproc.punjab.gov.in ਤੇ ਅਪਲੋਡ ਕਰਨ ਦੀ ਮਿਤੀ ਅਤੇ ਸਮਾਂ | 04-03-2022 (ਸਵੇਰੇ 11.00 ਵਜੇ) ਤੋਂ 08-03-2022 (ਦੁਪਹਿਰ 2.00 ਵਜੇ ਤੱਕ) |
| ਤਕਨੀਕੀ ਬੋਲੀ ਖੋਲ੍ਹਣ ਦੀ ਮਿਤੀ ਅਤੇ ਸਮਾਂ | 08-03-2022 (ਦੁਪਹਿਰ 3.00 ਵਜੇ) |
| ਵਿੱਤੀ ਬੋਲੀ ਖੋਲ੍ਹਣ ਦਾ ਸਮਾਂ | 10-03-2022 (ਸਵੇਰੇ 11.00 ਵਜੇ) |

3- ਇਹ ਵੀ ਹਦਾਇਤ ਕੀਤੀ ਜਾਂਦੀ ਹੈ ਕਿ ਇੰਨ੍ਹਾਂ ਬਕਾਇਆ ਕਲਸਟਰਜ਼ ਦਾ ਵਿੱਤੀ ਮੁਲਾਂਕਣ ਇਸ ਦਫਤਰ ਵੱਲੋਂ ਪੱਤਰ ਨੰ:ਬੀ.ਜੀ.1/5(921/964)2022/09, ਮਿਤੀ 04-01-2022 ਰਾਹੀਂ ਜਾਰੀ ਕੀਤੇ ਗਏ ਪ੍ਰੋਫੋਰਮੇ ਅਨੁਸਾਰ ਮਿਤੀ 11-03-2022 ਨੂੰ ਹਰ ਹਾਲ ਵਿੱਚ ਮੁੱਖ ਦਫਤਰ ਨੂੰ ਭੇਜਿਆ ਜਾਵੇ।

4- ਇਹ ਹਦਾਇਤਾਂ ਈ.ਸੀ.ਆਈ. ਦੁਆਰਾ ਪੱਤਰ ਨੰ: 437/PB/LA/2022-NS-1, ਮਿਤੀ 24-01-2022 ਰਾਹੀਂ ਦਿੱਤੀ ਗਈ ਪ੍ਰਵਾਨਗੀ, ਜੋ ਕਿ ਸੀ.ਈ.ਓ., ਪੰਜਾਬ ਦੁਆਰਾ ਪੱਤਰ ਨੰ: Elect/2022 /PS/ CEO/ 632, ਮਿਤੀ 24-01-2022 ਰਾਹੀਂ ਇਸ ਦਫਤਰ ਨੂੰ ਭੇਜੀ ਗਈ ਹੈ, ਉਪਰੰਤ ਜਾਰੀ ਕੀਤੀਆਂ ਜਾਂਦੀਆਂ ਹਨ।

5- ਇਸ ਪੱਤਰ ਵਿੱਚ ਦਰਸਾਈ ਸਮਾਂ ਸਾਰਣੀ ਅਤੇ ਹਦਾਇਤਾਂ ਦੀ ਇੰਨ ਬਿੰਨ ਪਾਲਣਾ ਸੁਨਿਸ਼ਚਿਤ ਕੀਤੀ ਜਾਵੇ।

ਕੰਟਰੋਲਰ ਖੁਰਾਕ ਲੇਖਾ। 3/3/2022
ਖੁਰਾਕ, ਸਿਵਲ ਸਪਲਾਈਜ਼ ਅਤੇ ਖਪਤਕਾਰ ਮਾਮਲੇ, ਪੰਜਾਬ।